SCHOOL SWIMMING AND WATER SAFETY PROGRAM

Message to Parents / Caregivers

# ਮਾਪਿਆਂ/ਸਰਪ੍ਰਸਤਾਂ ਨੂੰ ਸੰਦੇਸ਼

NSW Department of Education ਦੀ ਸਕੂਲ ਤੈਰਾਕੀ ਯੋਜਨਾ, ਤੈਰਾਕੀ ਨੂੰ ਤੇਜ਼ੀ ਨਾਲ ਸਿਖਣ ਦਾ ਇਕ ਪ੍ਰੋਗਰਾਮ ਹੈ ਜੋ ਵਿਦਿਆਰਥੀਆਂ ਵਿਚ ਪਾਣੀ ਅੰਦਰ ਜਾਣ ਲਈ ਆਤਮ-ਵਿਸ਼ਵਾਸ ਭਰਦਾ ਹੈ ਅਤੇ ਵਿਦਿਆਰਥੀ ਨੂੰ ਪਾਣੀ ਵਿਚ ਸੁਰੱਖਿਅਤ ਰਹਿਣ ਅਤੇ ਉਸ ਵਿਚ ਡੁੱਬਣ ਤੋਂ ਬਚਾ ਦੇ ਗੁਣ ਸਿਖਾਉਂਦਾ ਹੈ । ਇਸ ਯੋਜਨਾ ਦਾ ਕੁੱਲ ਸਮਾਂ ੧੦ ਦਿਨ ਹੈ । ਰੋਜ਼ਾਨਾ ਦਾ ਹਰੇਕ ਪਾਠ ੪੫ ਮਿੰਟਾਂ ਦਾ ਹੈ ।

ਸਾਡੇ ਸਕੂਲ ਦੇ ਪਾਠਕ੍ਰਮ ਵਿਚ ਤੈਰਾਕੀ ਸਿਖਣ ਦਾ ਪ੍ਰੋਗਰਾਮ ਸ਼ਾਮਲ ਕਰਨ ਦੇ ਪ੍ਰਬੰਧ ਕੀਤੇ ਗਏ ਹਨ । ਜਿਹੜੇ ਵਿਦਿਆਰਥੀ ਅਜੇ ਤੱਕ ਪਾਣੀ ਵਿਚ ਸੁਰੱਖਿਆ ਅਤੇ ਆਪਣੇ ਬਚਾਵ ਦੇ ਸੰਤੋਖਜਨਕ ਮਾਪਦੰਡਾਂ ਤੱਕ ਨਹੀਂ ਪਹੁੰਚ ਸੱਕੇ ਹਨ, ਅਤੇ ਡੂੰਘੇ ਪਾਣੀਆਂ ਵਿਚ ਬਿਨ੍ਹਾ ਕਿਸੇ ਸਹਾਇਤਾ ਦੇ ਪੂਰੇ ਅਰਾਮ ਵਿਸ਼ਵਾਸ ਨਾਲ ਤੈਰਨ ਦੇ ਯੋਗ ਨਹੀਂ ਹਨ, ਉਹ ਸਕੂਲ ਤੈਰਾਕੀ ਯੋਜਨਾ ਵਿਚ ਭਾਗ ਲੈਣ ਦੇ ਯੋਗ

ਹਨ । ਇਹ ਯੋਜਨਾ Years 2 & 3 ਦੇ ਵਿਦਿਆਰਥੀਆਂ ਲਈ ਹੈ ਪ੍ਰੰਤੂ ਇਹ Years 4 to 6 ਵਿਚ ਕੰਮਜ਼ੋਰ ਤੈਰਾਕਾਂ ਅਤੇ ਵਿਸ਼ਵਾਸ ਤੌਰ ਉਤੇ ਲੋੜਵੰਦ ਵਿਦਿਆਰਥੀਆਂ ਜਿਵੇਂ ਕਿ ਅਸਟ੍ਰੇਲੀਆ ਵਿਚ ਨਵੇਂ ਆਏ ਵਿਦਿਆਰਥੀਆਂ ਅਤੇ ਕੁੱਝ ਅੰਗਹੀਣਤਾ/ਅਯੋਗਤਾਵਾਂ ਵਾਲੇ ਸ਼ ਲਈ ਤਿਆਰ ਕੀਤੀ ਗਈ ਹੈ ।

**ਸਿਖਲਾਈ** ______________________________ **ਵਿਖੇ ਦਿਤੀ ਜਾਵੇਗੀ । ਇਹ ਯੋਜਨਾ**
Name of pool

ਰੋਜ਼ਾਨਾ ਦੋ ਹਫਤਿਆਂ ਲਈ ______________ ਤੋਂ ਲੈ ਕੇ ______________ ਜਾਰੀ ਰਹੇਗੀ ।
Start date / Finish date

ਸਫਰ ______________ ਦੁਆਰਾ ______________ ਡਾਲਰ ਪ੍ਰਤੀ ਦਿਨ ਦੀ ਲਾਗਤ ਉਤੇ ਹੋਵੇਗਾ ।
Means of transport / Daily transport cost

ਪੂਲ ਵਿਚ ਪ੍ਰਵੇਸ਼ ਦੀ ਲਾਗਤ ______________ ਡਾਲਰ ਪ੍ਰਤੀ ਦਿਨ ਹੋਵੇਗੀ । ਸਿਖਲਾਈ ਲਈ ਕੋਈ ਲਾਗਤ ਨਹੀਂ ਹੋਵੇਗੀ ।
Daily pool entry cost

੧੦ ਦਿਨਾਂ ਦੀ ਯੋਜਨਾ ਦੀ ਕੁਲ ਲਾਗਤ ______________ ਡਾਲਰ ਹੈ ।
Total cost

ਹਰੇਕ ਬੱਚੇ ਨੂੰ ਇਕ ਤੈਰਾਕੀ ਪੁਸ਼ਾਕ, ਇਕ ਤੌਲੀਆ, ਇਕ ਬਲਾਊਜ਼ ਜਾਂ ਕਮੀਜ਼, ਇਕ ਟੋਪੀ ਅਤੇ ਠੰਡੇ ਦਿਨਾਂ ਲਈ ਗਰਮ ਕੱਪੜੇ ਨਾਲ ਲਿਆਉਣੇ ਪੈਣਗੇ । ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਨੂੰ ਸਿਖਲਾਈ ਦਿਤੇ ਜਾਣ ਵਾਲੇ ਆਊਟਡੋਰ ਪੂਲ ਵਿਚ ਤੈਰਨ ਸਮੇ ਸੂਰਜ ਤੋਂ ਸੁਰੱਖਿਆ ਲਈ ਉਚਿਤ ਪ੍ਰਬੰਧ ਕੀਤੇ ਜਾਣ ਜਿਵੇਂ ਕਿ ਉਹ SPF 30+ ਬ੍ਰੌਡ ਸਪੈਕਟਰੱਮ ਕਰੀਮ ਨਿਰੰਤਰ ਲਾ ਕੇ ਆਉਣ । ਇਕ ਟੀ-ਸ਼ਰਟ ਜਾਂ ਰੈਸ਼ ਕਮੀਜ਼ ਦੀ ਵੀ ਸਿਫਾਰਸ਼ ਕੀਤੀ ਜਾਂਦੀ ਹੈ (ਪੂਲ ਦੀ ਇਜ਼ਾਜਤ ਨਾਲ) ।

ਸਕੂਲ ਤੈਰਾਕੀ ਯੋਜਨਾ ਦੌਰਾਨ ਪਾਣੀ 'ਚ ਸੁਰੱਖਿਆ ਦੀਆਂ ਸਾਰੀਆਂ ਨਿਪੁੰਨਤਾਵਾਂ ਲਈ ਵਿਦਿਆਰਥੀਆਂ ਦੇ ਮੁਲਾਂਕਣ ਵੇਲੇ ਉਨ੍ਹਾ ਨੂੰ ਪਾਣੀ ਵਿਚ ਪਾਉਣ ਵਾਲੀਆਂ ਐਨਕਾਂ (ਗੌਗਲਜ਼) ਪਾਉਣ ਦੀ ਇਜ਼ਾਜਤ ਨਹੀਂ ਹੋਵੇਗੀ ।

ਜੇ ਤੁਹਾਡਾ ਬੱਚਾ ਇਸ ਯੋਜਨਾ ਲਈ ਯੋਗ ਹੈ, ਤਾਂ ਕ੍ਰਿਪਾ ਕਰਕੇ ਇਹ ਸਹਿਮਤੀ ਫਾਰਮ ਨੂੰ ਭਰ ਕੇ ਅਤੇ ਆਪਣੇ ਹਸਤਾਖਰ ਕਰਕੇ ਇਸ ਨੂੰ ਆਪਣੇ ਬੱਚੇ ਦੀ ਜਮਾਤ ਦੇ ਅਧਿਆਪਕ ਕੋਲ ਵਾਪਸ ਭੇਜ ਦਿਓ ।

**ਪ੍ਰਿੰਸੀਪਲ** ______________________________ **ਮਿਤੀ** ______________
Name of principal / Date

PUNJABI